# ਸੰਤ ਸੰਗਿ ਲੇ ਮੋਹਿ ਉਧਰਹੁ

**ਬਿਲਾਵਲੁ ਮਹਲਾ ੫ ॥**

**ਐਸੀ ਕਿਰਪਾ ਮੋਹਿ ਕਰਹੁ॥**

**ਸੰਤਹ ਚਰਣ ਹਮਾਰੋ ਮਾਥਾ ਨੈਨ ਦਰਸੁ ਤਨਿ ਧੂਰਿ ਪਰਹੁ॥੧॥ਰਹਾਉ॥**

ਇਹ ਸ਼ਬਦ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਿਲਾਵਲ ਰਾਗ ਵਿਚ ਉਚਾਰਣ ਕੀਤਾ ਹੈ ਅਤੇ ਪੰਨਾ ੮੨੮ ਤੇ ਸੁਭਾਇਮਾਨ ਹੈ।

-- ਇਸ ਸ਼ਬਦ ਵਿਚ ਪਾਤਸ਼ਾਹ ਨੇ, ਸ੍ਰੀ ਅਕਾਲ ਪੁਰਖ ਸਾਹਿਬ ਜੀ ਨੂੰ ਬੇਨਤੀ ਕੀਤੀ ਹੈ ਕਿ ਮੇਰੇ ਤੇ ਅਜਿਹੀ ਕਿਰਪਾ ਕਰ ਦਿਓ ਕਿ ਸੰਤਾਂ ਦੇ ਚਰਣ ਹੋਣ ਤੇ ਸਾਡਾ (ਮੇਰਾ) ਮਥਾ ਉਨ੍ਹਾਂ ਚਰਣਾਂ ਤੇ ਛੋਹ ਪ੍ਰਾਪਤ ਕਰੇ, ਸਾਡੇ ਨੈਣ ਉਨ੍ਹਾਂ ਦਾ ਦਰਸ਼ਨ ਪ੍ਰਾਪਤ ਕਰਣ, ਸਾਡੇ ਤਨ ਤੇ ਮਹਾਤਮਾ ਦੇ ਚਰਣਾਂ ਦੀ ਧੂੜ ਪਵੇ।੧।ਰਹਾਉ।

ਪੰਜਵੇਂ ਪਾਤਸ਼ਾਹ ਨੇ ਅਧਿਆਤਮਕ ਜੀਵਨ ਦੀ ਸ਼ੁਰੂਆਤ ਲਈ ਅਰੰਭਕ ਕਿਰਪਾ ਪ੍ਰਾਪਤ ਕਰਨ ਲਈ ਇਹ ਅਤਿਅੰਤ ਜ਼ਰੂਰੀ ਕਾਰਕ ਜਾਂ factors ਦਸੇ ਹਨ। ਸੰਤਾਂ ਦੀ ਇੰਵ ਪ੍ਰਾਪਤ ਹੁੰਦੀ ਸਿਧੀ ਛੋਹ, ਸਾਡੇ ਤਨ ਮਨ ਦੇ ਅੰਦਰ ਅਧਿਆਤਮਕਤਾ ਨੂੰ ਪ੍ਰਜਵੱਲਤ (Ignite) ਕਰਣ ਲਈ ਅਤੀ ਆਵੱਸ਼ਕ ਹੁੰਦੀ ਹੈ। ਇਉਂ ਕਹਿਣਾ ਅਤਿ-ਕਥਨੀ ਨਹੀਂ ਹੋਵੇਗੀ ਕਿ ਇਸ ਤਰ੍ਹਾਂ ਦੀ ਛੋਹ ਤੋਂ ਬਿਨਾਂ ਤਨ ਮਨ ਦੇ ਅੰਦਰ ਸਿਮਰਣ ਅਤੇ ਅਧਿਆਤਮਕ ਜੀਵਨ ਦਾ ਉਪਰਲੀਆ ਅਵੱਸਥਾਵਾਂ ਵਲ ਵਿਕਾਸ, ਕਦੇ ਵੀ ਸ਼ੁਰੂ ਹੀ ਨਹੀਂ ਹੋ ਸਕਦਾ ਅਤੇ ਕਿਸੇ ਵੀ, ਪਹਿਲਾਂ ਤੋਂ ਪ੍ਰਾਪਤ ਹੋਈ ਅਵੱਸਥਾ ਤੋਂ ਅਗੇ ਵਧ ਵੀ ਨਹੀਂ ਸਕਦਾ। ਨਾ ਹੀ ਇਸ ਧੂੜ ਤੋਂ ਬਿਨਾਂ ਮੁਕੰਮਲ ਪ੍ਰਾਪਤੀ ਹੀ ਸੰਭਵ ਹੈ। ਜਦੋਂ ਤਕ ਤਾਰਾਂ, ਸਪਲਾਈ ਨਾਲ ਨਹੀਂ ਜੁੜਦੀਆਂ, ਤਦੋਂ ਤਕ ਬਿਜਲੀ ਦੇ ਕਰੰਟ ਦੀ ਧਾਰਾ ਵਹਿ ਨਹੀਂ ਸਕਦੀ। ਨਾਮ ਦਾ ਪਰਵਾਹ ਸਭ ਤੋਂ ਵਡਾ ਕਰੰਟ ਹੈ। ਜਦੋਂ ਤਕ ਤਾਰਾਂ, ਸਪਲਾਈ ਨਾਲ ਜੁੜੀਆਂ ਰਹਿਣਗੀਆਂ, ਤਦ ਤਕ ਬਿਜਲੀ ਦੇ ਧਾਰਾ ਵਗਦੀ ਰਹੇਗੀ। ਸੰਤ ਜਨ ਹੀ, ਇਸ ਧਾਰਾ ਦਾ ਸ੍ਰੋਤ ਹੁੰਦੇ ਹਨ।

ਇਹੀ ਸਚ ਇਸ ਸ਼ਬਦ ਦਾ ਸਾਰ ਵੀ ਹੈ।

ਪਾਤਸ਼ਾਹ ਨੇ, ੮੮੯ ਪੰਨੇ ਤੇ ਵੀ, ਸੰਤ ਜਨਾਂ ਨੂੰ ਇੰਵ ਨਮਸਕਾਰ ਕੀਤੀ ਹੈ -

'ਸੰਤਹ ਚਰਨ ਮਾਥਾ ਮੇਰੋ ਪਉਤ।। ਅਨਿਕ ਬਾਰ ਸੰਤਹ ਡੰਡਉਤ।।' ਚਰਣਾਂ ਤੇ, ਮਥੇ ਦਾ ਛੋਹਣਾ ਜ਼ਰੂਰੀ ਹੈ। ਡੰਡਉਤ ਦਾ ਅਰਥ ਹੈ, ਪੂਰੇ ਸਰੀਰ ਨਾਲ ਉਲਟੇ ਹੋ ਕੇ ਲੇਟ ਕੇ, ਬਾਹਵਾਂ ਸਿਰ ਤੋਂ ਉਪਰ ਸਿਧੀਆਂ ਚੁਕ ਕੇ ਨਮਸਕਾਰ ਕਰਨੀ। ਇਸ ਦਾ ਭਾਵ, ਪੂਰਣ ਆਤਮ ਸਮਰਪਣ ਹੁੰਦਾ ਹੈ।

ਇਥੇ ਇਹ ਸਪੱਸ਼ਟ ਕਰ ਦੇਣਾ ਬਹੁਤ ਜ਼ਰੂਰੀ ਹੈ ਕਿ ਸੰਤ ਉਹ ਹੈ ਜੋ ਰਾਮ, ਪ੍ਰਭੂ ਨੂੰ ਭਾਅ ਗਿਆ - 'ਸੋਈ ਸੰਤੁ ਜਿ ਭਾਵੈ ਰਾਮ।। ਸੰਤ ਗੋਬਿੰਦ ਕੈ ਏਕੈ ਕਾਮ।।'

ਕਿਸੇ ਅਜ ਦੇ ਡੇਰੇਦਾਰ ਨੂੰ ਸੰਤ ਮੰਨਣਾ, ਲਗਦਾ ਹੈ, ਖ਼ਤਰੇ ਤੋਂ ਖ਼ਾਲੀ ਨਹੀਂ। ਹਾਂ ! ਪਿਛਲਿਆਂ ਸਮਿਆਂ ਵਿਚ ਸੰਤ ਡੇਰਿਆਂ ਵਿਚ ਰਹਿੰਦੇ ਸਨ।

ਪਰ ਇਸਦਾ ਅਰਥ ਇਹ ਬਿਲਕੁਲ ਨਹੀਂ ਕਿ ਕੋਈ ਸੰਤ ਹੈ ਹੀ ਨਹੀਂ। ਇਸ ਦੁਨੀਆਂ ਵਿਚ ਸੰਤ ਹਮੇਸ਼ਾ ਵਡੀ ਗਿਣਤੀ ਵਿਚ ਮੌਜੂਦ ਹੁੰਦੇ ਹਨ। ਉਨ੍ਹਾਂ ਦੀ ਸੰਗਤਿ, ਵਡੇ ਭਾਗਾਂ ਨਾਲ ਹੀ ਮਨੁਖ ਨੂੰ ਪ੍ਰਾਪਤ ਹੁੰਦੀ ਹੈ। ਇਹ ਕੋਈ ਸੌਖਾ ਕੰਮ ਨਹੀਂ। ਫ਼ਿਰ, ਉਨ੍ਹਾਂ ਦੀ ਸੰਗਤਿ ਮਿਲ ਜਾਣ ਤੇ, ਉਨ੍ਹਾਂ ਦੀ ਸੰਗਤਿ ਕਰਦਿਆਂ, ਉਨ੍ਹਾਂ ਨਾਲ ਨਿਭਣਾ, ਬਹੁਤ ਔਖੀ ਕਾਰ ਹੈ, ਆਪਾ ਵਾਰਨਾ ਪੈਂਦਾ ਹੈ। ਪਰ ਇਸ ਔਖਿਆਈ ਵਿਚੋਂ ਲੰਘ ਕੇ, ਪਰਮ ਸੁਖ ਦੀ ਪ੍ਰਾਪਤੀ ਹੁੰਦੀ ਹੈ, ਜਿਵੇਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ, ਪੰਨਾ ੧੪੨੨ ਤੇ ਫ਼ੁਰਮਾਣ ਕਰਦੇ ਹਨ - 'ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰ।।'

**ਗੁਰ ਕੋ ਸਬਦੁ ਮੇਰੈ ਹੀਅਰੈ ਬਾਸੈ ਹਰਿ ਨਾਮਾ ਮਨ ਸੰਗਿ ਧਰਹੁ।।**

**ਤਸਕਰ ਪੰਚ ਨਿਵਾਰਹੁ ਠਾਕੁਰ ਸਗਲੋ ਭਰਮਾ ਹੋਮਿ ਜਰਹੁ।।੧।।**

-- ਹੇ ਪ੍ਰਭੂ ਜੀਓ ! ਮੇਰੇ ਗੁਰੂ ਦਾ ਮੈਨੂੰ ਦਿਤਾ ਸ਼ਬਦ, ਭਾਵ, ਗੁਰਮੰਤਰ ਮੇਰੇ ਹਿਰਦੇ ਵਿਚ ਵਸ ਜਾਵੇ, ਭਾਵ, ਮੈਂ ਹਰ ਵਕਤ ਇਸ ਦਾ ਜਾਪ ਕਰਦਾ ਹੀ ਰਹਾਂ। ਇਸ ਤਰ੍ਹਾਂ ਮੈਂ ਹਰੀ ਦਾ ਨਾਮ, ਹਿਰਦੇ ਵਿਚ ਧਾਰਣ ਕਰ ਲਵਾਂ।

ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੩੧ ਤੇ, ਉਪਦੇਸ਼ ਕਰਦੇ ਹਨ ਕਿ ਪ੍ਰਭੂ ਦੀ ਸਰਣ ਵਿਚ, ਗੁਰੂ ਦੇ ਦਿਤੇ ਹੋਇ ਸ਼ਬਦ ਦਾ ਜਾਪ ਜਪਣ ਨਾਲ, ਇਹ ਮਨ ਦੇ ਅੰਦਰ ਵਸ ਜਾਂਦਾ ਹੈ ਅਤੇ ਵਾਹਿਗੁਰੂ ਕਦੇ ਨਹੀਂ ਵਿਸਰਦਾ - 'ਮਨ ਰੇ ਸਦਾ ਭਜਹੁ ਹਰਿ ਸਰਣਾਈ।। ਗੁਰ ਕਾ ਸਬਦੁ ਅੰਤਰਿ ਵਸੈ ਤਾ ਹਰਿ ਵਿਸਰਿ ਨ

ਜਾਈ।।'

ਪਾਤਸ਼ਾਹ, ੧੮੮ ਪੰਨੇ ਤੇ, ਦਸਦੇ ਹਨ ਕਿ ਗੁਰਮੰਤਰ ਨੂੰ ਹਿਰਦੇ ਵਿਚ ਦ੍ਰਿੜ ਕਰਣ ਨਾਲ, ਪ੍ਰਭੂ ਦਾ ਨਾਮ ਅੰਦਰ ਵਸ ਜਾਂਦਾ ਹੈ - 'ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ।। ਕੇਵਲ ਨਾਮੁ ਰਿਦ ਮਾਹਿ ਸਮਾਇਆ।।'

-- ਹੇ ਮੇਰੇ ਪੂਜਨੀਕ ! ਮੇਰੇ ਅੰਦਰੋਂ ਪੰਜ ਚੋਰ - ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦਾ ਨਿਵਾਰਣ ਕਰ ਦਿਉ ਅਤੇ ਮਨ ਦੇ ਸਾਰੇ ਭਰਮ, ਅੱਗ ਵਿਚ ਸਾੜ ਦਿਓ ਤਾਂ ਕਿ ਮੇਰੇ ਅੰਦਰ ਪੂਰਣ ਵਿਸ਼ਵਾਸ ਬਣ ਆਵੇ।੧।

ਸ੍ਰੀ ਗੁਰੂ ਨਾਨਕ ਸਾਹਿਬ ਦਾ, ਪੰਨਾ ੧੦੩੯ ਤੇ, ਉਪਦੇਸ਼ ਹੈ ਕਿ ਗੁਰੂ ਦੀ ਸ਼ਰਣ ਵਿਚ ਰਹਿ ਕੇ ਹਰੀ ਦਾ ਨਾਮ ਧਨ ਇਕੱਠਾ ਕਰਨ ਨਾਲ, ਇਹ ਵਿਕਾਰ ਰੂਪੀ ਚੋਰ ਨੇੜੇ ਨਹੀਂ ਲਗਦੇ ਅਤੇ ਹਿਰਦੇ ਵਿਚ ਨਾਮ ਦੀ ਧੁਨੀ ਚਲ ਪੈਂਦੀ ਹੈ - 'ਹਰਿ ਧਨੁ ਸੰਚਹੁ ਰੇ ਜਨ ਭਾਈ।। ਸਤਿਗੁਰ ਸੇਵਿ ਰਹਹੁ ਸਰਣਾਈ।। ਤਸਕਰੁ ਚੋਰੁ ਨ ਲਾਗੈ ਤਾ ਕਉ ਧੁਨਿ ਉਪਜੈ ਸਬਦਿ ਜਲਾਇਆ।।'

**ਜੋ ਤੁਮ੍ ਕਰਹੁ ਸੋਈ ਭਲ ਮਾਨੈ ਭਾਵਨੁ ਦੁਬਿਧਾ ਦੂਰਿ ਟਰਹੁ।।**

**ਨਾਨਕ ਕੇ ਪ੍ਰਭ ਤੁਮ ਹੀ ਦਾਤੇ ਸੰਤ ਸੰਗਿ ਲੇ ਮੋਹਿ ਉਧਰਹੁ।।੨।।੩।।੧੧੯।।**

-- ਜੋ ਤੁਸੀਂ ਕਰੋ ਉਹ ਮੈਨੂੰ ਮਿਠਾ ਲਗੇ। ਮੇਰੀਆਂ ਆਪਣੀਆਂ ਖ਼ਾਹਿਸ਼ਾਂ ਅਤੇ ਦ੍ਵੈਤ ਭਾਵ ਨੂੰ, ਦੂਰੋਂ ਹੀ ਟਾਲ ਦਿਓ।

ਸ੍ਰੀ ਗੁਰੂ ਅਰਜਨ ਸਾਹਿਬ, ੧੮੧ ਪੰਨੇ ਤੇ, ਸਮਝਾਉਂਦੇ ਹਨ ਕਿ ਜਿਵੇਂ ਵਾਹਗੁਰੂ ਰਖੇ ਤਿਵੇਂ ਹੀ ਰਹੀਏ, ਜੋ ਉਹ ਕਰਾਏ ਉਹੀ ਕਰੀਏ, ਜਿਥੇ ਵੇਖੀਏ ਤੂੰ ਹੀ ਦਿਸੇਂ ਅਤੇ ਹਮੇਸ਼ਾਂ ਤੇਰਾ ਨਾਮ ਹੀ ਰਸਨਾ ਤੇ ਹੋਵੇ - 'ਜਿਉ ਤੁਮ ਰਾਖਹੁ ਤਿਵ ਹੀ ਰਹਨਾ।। ਜੋ ਤੁਮ ਕਰਹੁ ਸੋਈ ਮੋਹਿ ਕਰਨਾ।। ਜਹ ਪੇਖਉ ਤਹਾ ਤੁਮ ਬਸਨਾ।। ਨਿਰਭਉ ਨਾਮੁ ਜਪਉ ਤੇਰਾ ਰਸਨਾ।।'

-- ਪੰਚਮ ਨਾਨਕ ਕਹਿੰਦੇ ਹਨ ਕਿ ਹੇ ਪ੍ਰਭੂ ਜੀਓ ! ਤੁਸੀਂ ਹੀ ਮੇਰੇ ਦਾਤੇ ਹੋ। ਮੇਰੀ ਬੇਨਤੀ ਹੈ ਕਿ ਮੈਨੂੰ ਆਪਣੇ ਸੰਤ ਦੀ ਸੰਗਤਿ ਵਿਚ ਰਖ ਕੇ, ਮੇਰਾ ਉਧਾਰ ਕਰ ਦਿਓ।੨।੩।੧੧੯।

ਪਾਤਸ਼ਾਹ, ੮੦੬ ਪੰਨੇ ਤੇ, ਵੀ ਇਸੇ ਬੇਨਤੀ ਨੂੰ ਦੁਹਰਾ ਰਹੇ ਹਨ ਕਿ ਹੇ ਦੀਨ ਦਇਆਲ ਪ੍ਰਭੂ ! ਮੈਂ ਤੇਰੀ ਸਰਣ ਆਇਆ ਹਾਂ, ਇਹ ਸੰਸਾਰ ਸਾਗਰ ਤੋਂ ਪਾਰ

ਤਰਣਾ ਬਹੁਤ ਕਠਨ ਕੰਮ ਹੈ। ਤੂੰ ਆਪਣੇ ਸਾਧੂ ਦੀ ਧੂੜ ਬਖ਼ਸ਼ ਦੇ, ਜਿਸ ਨਾਲ ਲਗ ਕੇ ਅਸੀਂ ਤਰ ਜਾਈਏ - 'ਤੇਰੀ ਸਰਣਿ ਪ੍ਰਭ ਦੀਨ ਦਇਆਲਾ।। ਮਹਾ ਬਿਖਮ ਸਾਗਰੁ ਅਤਿ ਭਾਰੀ ਉਧਰਹੁ ਸਾਧੂ ਸੰਗਿ ਰਵਾਲਾ।।'



25.10.2020